WHITE CROW PUBLISHERS



# ਅਣਕਹੀ ਪੀੜ

ਵਿਪਨ ਗਿੱਲ

# ਅਣਕਹੀ ਪੀੜ

ਵਿਪਨ ਗਿੱਲ

WHITE CROW PUBLISHERS

Ink art PUBLISHERS

# *Ankahi Peerh*

*by*

**Vipan Gill**
Email-vipan.gill@yahoo.com
Mob.- 9463223251

**ISBN : 978-81-956910-8-1**

**Edition : June 2023**

**Price : 200/-**

**Author©**

**White Crow Publishers**
Cont. 9780909077
info@whitecrowpublishers.com
www.whitecrowpublishers.com
fb.com/whitecrowpublishers

**Ink Art Publishers**
Cont. 9888116310, 8360602887
inkartpublishers@gmail.com

**Distributor**

***Dear Books***
9876191407

Printed by : **Aarna press, Patiala**
Contact : **99148-40666**

*All rights are reseved. So, legal action will be taken against any person who possesses or forwards it in any way, like Photocopy/Pdf form, without the written permission of the publisher or the author.*

# ਸਮਰਪਣ

ਆਪਣੀ ਹੋਂਦ ਨੂੰ ਬਚਾਉਣ ਦੀ
ਜੱਦੋ- ਜਹਿਦ ’ਚ
ਮਸਰੂਫ਼ ਔਰਤਾਂ ਦੇ
ਨਾਂ



**ਇਸੇ ਕਲਮ ਤੋਂ**

1. ਪਤਨ ਅਨੁਵਾਦਿਤ ਨਾਵਲ 2019
2. ਧੁੱਪ ਛਾਂ ਦੇ ਅੱਠ ਰੰਗ ਅਨੁਵਾਦਿਤ ਕਹਾਣੀਆਂ 2020
3. ਭਿੱਜੀ ਹੋਈ ਪੌਣ ਕਾਵਿ ਸੰਗ੍ਰਹਿ 2020
4. ਛੇ ਟਕੇ ਤੇ ਚੰਨ ਅਨੁਵਾਦਿਤ ਨਾਵਲ 2021
5. ਭੁੱਖ ਅਨੁਵਾਦਿਤ ਨਾਵਲ 2022

# ਤਤਕਰਾ


| | ਪੰਨਾ ਨੰ. |
|---|---|
| • ਮਛਲੀ ਜਲ ਕੀ ਰਾਨੀ ਹੈ | 13-40 |
| • ਅਣਕਹੀ ਪੀੜ | 41-55 |
| • ਚਾਬੀਆਂ ਦਾ ਗੁੱਛਾ | 56-64 |
| • ਮੀਰਾ ਦੇ ਘੁੰਗਰੂ | 65-71 |
| • ਜਿੰਨ ਮਾਰਨਾ ਕਿਤੇ ਸੌਖਾ | 72-84 |
| • ਦਾਰੋ ਬੱਕਰੀ | 85-91 |
| • ਖੜਾਕ | 92-97 |
| • ਚੀਕ | 98-105 |
| • ਪਾਪ ਦਾ ਪਰਛਾਵਾਂ | 106-112 |
| • ਡੌਂਟ ਵਰੀ ਮਿਸੇਜ਼ ਸ਼ਰਮਾ | 113-120 |
| • ਫੁਰਰ...ਰ | 120-128 |

# ਭੂਮਿਕਾ

ਵਿਪਨ ਗਿੱਲ ਸਮਕਾਲ ਵਿੱਚ ਲਿਖੀ ਜਾ ਰਹੀ ਨਵੀਂ ਪੰਜਾਬੀ ਕਹਾਣੀ ਦੀ ਬੇਹੱਦ ਸੰਭਾਵਨਾਵਾਂ ਭਰਪੂਰ ਕਲ਼ਮ ਹੈ। ਵੱਖ ਵੱਖ ਅਖ਼ਬਾਰਾਂ ਮੈਗਜ਼ੀਨਾਂ ਵਿੱਚ ਛਪੀਆਂ ਉਸਦੀਆਂ ਕਹਾਣੀਆਂ ਨੇ ਪਾਠਕਾਂ, ਆਲੋਚਕਾਂ ਅਤੇ ਸਮਕਾਲੀ ਲੇਖਕਾਂ ਦਾ ਧਿਆਨ ਖਿੱਚਿਆ ਹੈ। ਉਹ ਆਜ਼ਾਦੀ ਲਈ ਤਾਂਘ ਰਹੀ ਔਰਤ ਦੀ ਸਥਿਤੀ ਦੀ ਪੇਸ਼ਕਾਰ ਹੈ। ਉਸਦੀਆਂ ਕਹਾਣੀਆਂ ਦੀ ਔਰਤ ਪਿਤਰਕੀ ਸੱਤਾ ਤੋਂ ਬੁਰੀ ਤਰ੍ਹਾਂ ਪੀੜਤ ਹੈ। ਪੂੰਜੀਵਾਦ ਨੇ ਔਰਤ ਲਈ ਰੁਜ਼ਗਾਰ ਦੇ ਨਵੇਂ ਮੌਕੇ ਵੀ ਮੁਹੱਈਆ ਕੀਤੇ ਹਨ, ਉਸਨੂੰ ਉਡਾਣ ਭਰਨ ਲਈ ਨਵੇਂ ਆਕਾਸ਼ ਤੇ ਮੌਲਣ ਵਿਗਸਣ ਲਈ ਨਵੀਆਂ ਧਰਤੀਆਂ ਵੀ ਦਿੱਤੀਆਂ ਹਨ ਪਰ ਉਸਨੂੰ ਅਸਲ ਆਜ਼ਾਦੀ ਨਹੀਂ ਮਿਲ ਸਕੀ। ਉਸਨੂੰ ਮਹਿਜ਼ ਬਾਜ਼ਾਰ ਦੀ ਵਸਤੂ ਬਣਾ ਕੇ ਰੱਖ ਦਿੱਤਾ ਗਿਆ ਹੈ। ਮੰਡੀ ਔਰਤ ਦੀ ਦੇਹ ਨੂੰ ਮੁਨਾਫ਼ੇ ਲਈ ਵਰਤ ਰਹੀ ਹੈ। ਭਲੇ ਹੀ ਕੁਝ ਆਰਥਿਕ ਆਜ਼ਾਦੀ ਮਿਲ ਗਈ ਹੋਵੇ ਪਰ ਪਿਤਰਕੀ ਦਾਬੇ ਤੋਂ ਮੁਕਤੀ ਉਸਦਾ ਨਸੀਬਾ ਨਹੀਂ ਬਣ ਸਕੀ। ਵਿਪਨ ਗਿੱਲ ਮਰਦਾਵੇਂ ਦਾਬੇ ਅੰਦਰ ਸਹਿਕਦੀ, ਸਰੀਰਕ ਅਤੇ ਮਾਨਸਿਕ ਪੀੜਾ ਭੋਗਦੀ ਔਰਤ ਦੇ ਦੁਖਾਂਤ ਨੂੰ ਚਿਤਰਣ ਵਾਲੀ ਕਹਾਣੀਕਾਰ ਵਜੋਂ ਉੱਭਰ ਕੇ ਸਾਹਮਣੇ ਆਉਂਦੀ ਹੈ।

ਵਿਪਨ ਦੀਆਂ ਕਹਾਣੀਆਂ ਦੇ ਮਰਦ ਤੇ ਔਰਤ ਮਰਿਆਦਾ ਦੇ ਰਿਸ਼ਤਿਆਂ ’ਚ ਨਹੀਂ ਬੱਝੇ ਹੋਏ। ਉਸਦੀ ਕਹਾਣੀ ਇਹਨਾਂ ਰਿਸ਼ਤਿਆਂ ਦੀਆਂ ਮਸਨੂਈ ਕਦਰਾਂ ਕੀਮਤਾਂ ਦੇ ਕੱਚ ਦੁਆਲੇ ਨਹੀਂ ਬਲਕਿ ਇਹਨਾਂ ਰਿਸ਼ਤਿਆਂ ਦੇ ਅੰਤਰੀਵੀ ਸੱਚ ਦੇ ਦੁਆਲੇ ਘੁੰਮਦੀ ਹੈ। ਵਿਪਨ ਦੀਆਂ ਕਹਾਣੀਆਂ ਦਾ ਮਰਦ ਸਮਾਜ ਵਿੱਚ ਘੜੀ ਆਪਣੀ ਪ੍ਰਧਾਨਤਾ ਵਾਲੀ ਸਥਿਤੀ ਦੇ ਚੱਲਦਿਆਂ ਔਰਤ ਨੂੰ ਘਰ ਦੀ ਚਾਰ ਦੀਵਾਰੀ ਵਿੱਚ ਬੰਦ ਕਰਨਾ ਚਾਹੁੰਦਾ ਹੈ ਤੇ ਉਸਨੂੰ ਮਹਿਜ ‘ਸਰੀਰ’ ਵਜੋਂ ਭੋਗਦਿਆਂ ਆਪਣੇ ਮੁਤਾਬਿਕ ਕਠਪੁਤਲੀ ਵਾਂਗ ਨਚਾਉਣਾ ਵੀ ਚਾਹੁੰਦਾ ਹੈ। ਮਰਦਾਵੇਂ ਦਾਬੇ ਦੇ ਚੱਲਦਿਆਂ ਔਰਤ ਜਿਸ ਕਿਸਮ ਦੀਆਂ ਸਰੀਰਕ ਤੇ ਮਾਨਸਿਕ ਮੁਸ਼ਕਿਲਾਂ, ਮੁਸੀਬਤਾਂ, ਪੀੜਾਂ ਤੇ ਯਾਤਨਾਵਾਂ ਹੰਢਾਉਂਦੀ ਹੈ--ਵਿਪਨ ਗਿੱਲ ਔਰਤ ਦੀ ਸਥਿਤੀ ਅਤੇ ਉਸਦੇ ਮਨ ਅੰਦਰ ਚੱਲਦੀ ਕਸ਼ਮਕਸ਼ ਦੀ ਕਹਾਣੀਕਾਰ ਹੈ।

ਸਥਿਤੀ ਦਾ ਦੁਖਾਂਤ ਇਹ ਹੈ ਕਿ ਪੂੰਜੀਵਾਦੀ ਮਾਡਲ ਨੇ ਔਰਤ ਨੂੰ ਜੋ ਨਵਾਂ ਸੰਸਾਰ ਮੁਹੱਈਆ ਕਰਵਾਇਆ ਹੈ ਤੇ ਉਸ ਅੰਦਰ ਨਵੇਂ ਸੁਪਨੇ, ਨਵੀਆਂ ਚਾਹਤਾਂ

ਪੈਦਾ ਕੀਤੀਆਂ ਹਨ-ਬਹੁਤੀ ਵਾਰ ਇਹ ਨਵੀਆਂ ਚਾਹਤਾਂ ਹੀ ਉਸਨੂੰ ਅੰਨ੍ਹੇ ਖੂਹ ਵਿੱਚ ਧੱਕ ਦਿੰਦੀਆਂ ਹਨ। ਉਹ ਆਪ ਸਿਰਜੀਆਂ ਪ੍ਰਸਥਿਤੀਆਂ ਦੀ ਗੁਲਾਮ ਬਣੀ ਅਕਵੇਰੀਅਮ ਦੇ ਛੋਟੇ ਜਿਹੇ ਦਾਇਰੇ ਵਿੱਚ ਗੋਲ ਗੋਲ ਘੁੰਮਦੀ ਮੱਛੀ ਬਣ ਕੇ ਰਹਿ ਜਾਂਦੀ ਹੈ। ਅਕਵੇਰੀਅਮ ਦੀ ਮੱਛੀ ਡੂੰਘੇ ਸਮੁੰਦਰਾਂ ਦੀ ਮੱਛੀ ਨਹੀਂ ਹੁੰਦੀ ਜੋ ਮਰਜ਼ੀ ਨਾਲ ਸਮੁੰਦਰਾਂ ਨੂੰ ਗਾਹ ਸੁੱਟੇ। ਉਸ ਲਈ ਸੰਸਾਰ ਬੜਾ ਸੀਮਤ ਹੁੰਦਾ ਹੈ।

ਕਹਾਣੀ 'ਮਛਲੀ ਜਲ਼ ਕੀ ਰਾਨੀ ਹੈ' ਬਾਜ਼ਾਰ ਵਲੋਂ ਔਰਤ ਅੰਦਰ ਪੈਦਾ ਕੀਤੀ ਚਾਹਤ ਕਰਕੇ ਦੁਖਾਂਤ ਭੋਗਦੀ ਔਰਤ ਦੀ ਕਹਾਣੀ ਹੈ। ਨਵਰੀਤ ਅੰਦਰਲਾ ਲਾਲਚ ਹੀ ਉਸਨੂੰ 'ਡਾਊਨ ਸਿੰਡਰੋਮ' ਦੀ ਬਿਮਾਰੀ ਦਾ ਸ਼ਿਕਾਰ ਸਨਦੀਪ ਨੂੰ ਪਤੀ ਬਣਾਉਣ ਵਾਲੇ ਪਾਸੇ ਤੋਰਦਾ ਹੈ। ਇਸ ਤੋਂ ਵੀ ਅੱਗੇ ਉਸਨੂੰ ਕੇਵਲ ਵਸਤੂ ਬਣੇ ਰਹਿਣ ਲਈ ਮਜ਼ਬੂਰ ਬਣਾਉਂਦਾ ਹੈ। ਉਹ ਸਹੁਰੇ ਦੀ ਧੱਕੇਸ਼ਾਹੀ ਨੂੰ ਵੀ ਚੁੱਪਚਾਪ ਸਹਿ ਜਾਂਦੀ ਹੈ। ਸੱਸ ਦੀ ਚਲਾਕੀ ਸਮਝਦਿਆਂ ਵੀ ਅਣਦੇਖਿਆਂ ਕਰਦੀ ਹੈ। ਵਿਪਨ ਦੀਆਂ ਹੋਰ ਕਹਾਣੀਆਂ ਦੀ ਪਾਤਰ ਵਾਂਗ ਨਵਰੀਤ ਵੀ ਉਚੇਰੀ ਪੜ੍ਹਾਈ ਤੇ ਰੁਜ਼ਗਾਰ ਹਾਸਿਲ ਕਰਕੇ ਆਰਥਿਕ ਪੱਖੋਂ ਸਾਵੀ ਹੋ ਆਜ਼ਾਦੀ ਦੀ ਤਲਾਸ਼ ਵਿੱਚ ਨਿਕਲਦੀ ਹੈ ਪਰ ਜ਼ਿਹਨੀ ਤੇ ਮਾਨਸਿਕ ਆਜ਼ਾਦੀ ਉਸਨੂੰ ਫਿਰ ਵੀ ਨਸੀਬ ਨਹੀਂ ਹੁੰਦੀ। ਨਾ ਪੜ੍ਹਾਈ ਉਸ ਲਈ ਆਜ਼ਾਦੀ ਦੇ ਬੂਹੇ ਖੋਲ੍ਹਦੀ ਹੈ ਤੇ ਨਾਹੀਂ ਰੁਜ਼ਗਾਰ ਉਸਦੇ ਦੁੱਖਾਂ ਦਾ ਅੰਤ ਕਰਦਾ ਹੈ।

ਕਹਾਣੀ ਦੀ ਮੈਂ ਪਾਤਰ ਨਵਰੀਤ ਆਪਣੇ ਪਿਤਾ ਦੀ ਤੁਲਨਾ ਬੱਗੇ ਵਹਿੜਕੇ ਨਾਲ ਕਰਦੀ ਹੈ। ਜਦੋਂ ਬੱਗੇ ਵਹਿੜਕੇ ਨੂੰ ਉਸਦੇ ਪਿਤਾ ਨੇ ਪਹਿਲੀ ਵਾਰ ਗੱਡੇ ਅੱਗੇ ਜੋੜਿਆ ਸੀ ਤਾਂ ਉਹ ਗੱਡੇ ਨੂੰ ਧੂੰਹਦਾ ਕਮਾਦ 'ਚ ਲੈ ਵੜਿਆ ਸੀ। ਅਸੀਂ ਜਾਣਦੇ ਹਾਂ ਕਿ ਅਲਕ ਵਹਿੜਕਾ ਇਵੇਂ ਹੀ ਕਰਦਾ ਹੈ। ਮਗਰੋਂ ਜਦੋਂ ਅਲਕ ਵਹਿੜਕੇ ਦੀ ਧੌਣ 'ਤੇ ਕੰਨ੍ਹਾ ਪੈ ਜਾਂਦਾ ਹੈ ਤਾਂ ਉਹ ਬਿਨਾ ਹੀਲ ਹੁਜ਼ਤ ਕੀਤਿਆਂ ਜੂਲ਼ੇ ਹੇਠ ਧੌਣ ਦੇ ਦਿੰਦਾ ਹੈ। ਪੂੰਜੀਵਾਦ ਵੀ ਸਾਰਿਆਂ ਦੇ ਕੰਨ੍ਹਾ ਹੀ ਪਾਉਂਦਾ ਹੈ ਤੇ ਇਉਂ ਨਵਰੀਤ ਵਰਗੀਆਂ ਕੁੜੀਆਂ ਮੁੰਡਿਆਂ-ਜਿਹਨਾਂ ਨੇ ਜ਼ਿੰਦਗੀ ਦੀਆਂ ਵੱਡੀਆਂ ਜੰਗਾਂ ਲੜਨੀਆਂ ਹੁੰਦੀਆਂ ਹਨ, ਨਿੱਕੀਆਂ ਨਿੱਕੀਆਂ ਜੰਗਾਂ ਵੀ ਹਾਰ ਜਾਂਦੇ ਹਨ।

ਵਿਪਨ ਗਿੱਲ ਉੱਚੀ ਸੁਰ ਵਾਲੀ ਕਹਾਣੀਕਾਰ ਹੈ ਜੋ ਮਰਦਾਵੇਂ ਦਾਬੇ ਦੇ ਖ਼ਿਲਾਫ ਖੁੱਲ੍ਹ ਕੇ ਬੋਲਦੀ ਹੈ। ਪੁਸਤਕ ਦੇ ਸਿਰਲੇਖ ਵਾਲੀ ਕਹਾਣੀ 'ਅਣਕਹੀ ਪੀੜ' ਵੀ ਮਰਦਾਵੀਂ ਹਉਂ ਦੇ ਵਿਰੋਧ 'ਚ ਭੁਗਤਦੀ ਹੈ। ਕਹਾਣੀਕਾਰਾ ਪਿਤਰਕੀ ਸੱਤਾ ਦੇ